## ਸਿਹਤ ਚੇਤਾਵਨੀ

# ਸੀਸੇ ਵਾਲੇ ਕੁਝ ਦਰਾਮਦੀ ਉਤਪਾਦ

ਸੀਸਾ ਇਕ ਜ਼ਹਿਰ ਹੈ, ਜੋ ਦਿਮਾਗ਼, ਤੰਤੂ-ਪ੍ਰਬੰਧ, ਗੁਰਦੇ ਅਤੇ ਬੱਚੇ ਪੈਦਾ ਕਰਨ ਦੇ ਸਿਲਸਿਲੇ ਨੂੰ ਖ਼ਰਾਬ ਕਰਦਾ ਹੈ। ਸੀਸੇ ਦੇ ਜ਼ਹਿਰੀਲੇਪਣ ਕਰਕੇ ਬੱਚਿਆਂ ਵਿਚ ਸਿੱਖਣ ਅਤੇ ਵਿਹਾਰਕ ਸਮੱਸਿਆਵਾਂ ਅਤੇ ਗਰਭ-ਅਵਸਥਾ ਵਿਚ ਸਮੱਸਿਆਵਾਂ ਵੀ ਹੋ ਸਕਦੀਆਂ ਹਨ।

ਬੱਚਿਆਂ ਵਿਚ ਸੀਸੇ ਦੇ ਜ਼ਹਿਰੀਲੇਪਣ ਦਾ ਸਭ ਤੋਂ ਆਮ ਕਾਰਣ ਉਤਰਣ ਵਾਲੇ ਰੰਗ ਦੀ ਸੀਸੇ ਵਾਲੀ ਧੂੜ ਹੈ। ਸੀਸਾ ਹੋਰਨਾਂ ਦੇਸ਼ਾਂ ਵਿਚਲੇ ਤਿਆਰ ਉਤਪਾਦਾਂ ਅਤੇ ਹੋਰ ਚੀਜ਼ਾਂ ਵਿਚ ਵੀ ਮਿਲ ਸਕਦਾ ਹੈ। ਇਹ ਕੁਝ ਉਤਪਾਦ ਹਨ, ਜਿਨ੍ਹਾਂ ਵਿਚ ਸੀਸਾ ਹੋਣ ਬਾਰੇ ਪਤਾ ਲੱਗਿਆ ਹੈ।

## ਸਿਹਤ ਸਬੰਧੀ ਇਲਾਜ




ਲਿਟਾਰਗਿਰੀਓ — ਚਾਂਦੀ ਨਾਲ ਭਰਪੂਰ ਮਹਾਯਗਰਾਜ ਗੁਗੁਲ — ਹੇਪਾਟੀਕੋ ਦਾ ਸੱਤ

ਮੱਧ-ਪੂਰਬ, ਲਾਤੀਨੀ ਅਮਰੀਕਾ, ਚੀਨ ਅਤੇ ਭਾਰਤ ਤੋਂ ਜੜੀ-ਬੂਟੀਆਂ ਵਾਲੀਆਂ ਦਵਾਈਆਂ ਵਿਚ ਸੀਸੇ ਦੀ ਵੱਡੀ ਮਾਤਰਾ ਮਿਲੀ ਹੈ। ਸੁਰੱਖਿਅਤ ਅਤੇ ਖ਼ਤਰਨਾਕ ਉਤਪਾਦਾਂ ਵਿਚਕਾਰ ਫ਼ਰਕ ਰਕ ਦੱਸਣਾ ਮੁਸ਼ਕਿਲ ਹੋ ਸਕਦਾ ਹੈ। ਇਕ ਉਤਪਾਦ ਵਿਚ ਸੀਸਾ ਹੋ ਸਕਦਾ ਹੈ, ਭਾਵੇਂ ਲੇਬਲ ਤੇ ਇਹ ਇਕ ਤੱਤ ਵਜੋਂ ਨਾ ਲਿਖਿਆ ਹੋਇਆ ਹੋਵੇ।

ਨਿਊ ਯਾਰਕ ਸ਼ਹਿਰ ਵਿਚ ਹੇਠਾਂ ਦਿੱਤੇ ਇਲਾਜ ਦੀ ਵਿਕਰੀ ਤੇ ਪਾਬੰਦੀ ਹੈ।- ਇਹਨਾਂ ਦੀ ਵਰਤੋਂ ਨਾ ਕਰੋ!

- ਐਂਪਰਸ ਟੀ ਪਿਲ
- ਹੇਪਾਟੀਕੋ ਦਾ ਸੱਤ
- ਜੈਂਬਰੁਲਿਨ
- ਲਕਸ਼ਮੀਵਿਲਾਸ ਰਸ (ਨਾਰਦੀਆ)
- ਲਿਟਾਰਗਿਰੀਓ
- ਮਹਾ ਸੁਦਰਸ਼ਨ
- ਚਾਂਦੀ ਨਾਲ ਭਰਪੂਰ ਮਹਾਯੋਗਰਾਜ ਗੁਗੁਲੁ

## ਮਿੱਟੀ ਦੇ ਭਾਂਡੇ



ਲਾਤੀਨੀ ਅਮਰੀਕਾ ਅਤੇ ਏਸ਼ਿਆਈ ਦੇਸ਼ਾਂ ਤੋਂ ਮਿੱਟੀ ਦੇ ਭਾਂਡਿਆਂ ਨੂੰ ਸਜਾਉਣ ਲਈ ਵਰਤੇ ਜਾਂਦੇ ਗਲੇਜ਼ਾਂ ਅਤੇ ਰੰਗਾਂ ਵਿਚ ਸੀਸੇ ਦੀ ਵੱਡੀ ਮਾਤਰਾ ਮਿਲੀ ਹੈ।

ਇਹਨਾਂ ਦੇਸ਼ਾਂ ਤੋਂ ਆਏ ਮਿੱਟੀ ਦੇ ਭਾਂਡਿਆਂ ਵਿਚ ਨਾ ਤੇ ਖਾਣਾ ਬਣਾਓ, ਨਾ ਰੱਖੋ ਨਾ ਭੋਜਨ ਪਰੋਸੋ।

## ਸ਼ਿੰਗਾਰ-ਸੱਮਗ੍ਰੀ



ਕੋਹਲ / ਸੁਰਮਾ — ਸਿੰਦੂਰ

ਕੋਹਲ, ਕੱਜਲ ਅਤੇ ਸੁਰਮਾ, ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਮੱਧ-ਪੂਰਬੀ ਦੇਸ਼ਾਂ ਦੀਆਂ ਔਰਤਾਂ ਅਤੇ ਬੱਚਿਆਂ ਵੱਲੋਂ ਅੱਖਾਂ ਦੇ ਸ਼ਿੰਗਾਰ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਵਿਚ ਸੀਸੇ ਦੀ ਵੱਡੀ ਮਾਤਰਾ ਹੁੰਦੀ ਹੈ ਅਤੇ ਅਮਰੀਕਾ ਵਿਚ ਵਿਕਰੀ ਤੇ ਪਾਬੰਦੀ ਹੈ।

ਬੱਚਿਆਂ ਨੂੰ ਵਿਸ਼ੇਸ਼ ਖ਼ਤਰਾ ਹੁੰਦਾ ਹੈ, ਕਿਉਂਕਿ ਉਹ ਇਨ੍ਹਾਂ ਸ਼ਿੰਗਾਰ-ਸੱਮਗ੍ਰੀਆਂ ਨੂੰ ਛੂਹਣ ਤੋਂ ਬਾਅਦ ਆਪਣੇ ਮੂੰਹ ਵਿਚ ਆਪਣੇ ਹੱਥ ਪਾਉਂਦੇ ਹਨ। ਕੁਝ ਸੀਸਾ ਅੱਖਾਂ ਰਾਹੀਂ ਜਜ਼ਬ ਹੋ ਸਕਦਾ ਹੈ।

ਵਿਆਹੁਤਾ ਹਿੰਦੂ ਔਰਤਾਂ ਅਤੇ ਕੁਝ ਸਿੱਖ ਔਰਤਾਂ ਵੱਲੋਂ ਲਾਏ ਜਾਂਦੇ ਲਾਲ ਰੰਗ ਦੇ ਪਾਉਡਰ, ਸਿੰਦੂਰ ਵਿਚ ਵੀ ਸੀਸੇ ਦੀ ਵੱਡੀ ਮਾਤਰਾ ਹੁੰਦੀ ਹੈ। ਇਸਨੂੰ ਭੋਜਨ ਵਿਚ ਕਦੀ ਨਹੀਂ ਵਰਤਿਆ ਜਾਣਾ ਚਾਹੀਦਾ।

ਕੋਹਲ, ਕੱਜਲ ਜਾਂ ਸੁਰਮੇ ਦੀ ਵਰਤੋਂ ਨਾ ਕਰੋ। ਸਿੰਦੂਰ ਨੂੰ ਬੱਚਿਆਂ ਤੋਂ ਦੂਰ ਰੱਖੋ।

EHS1324069 - 8.10 (Punjabi)

NYC Health
Michael R. Bloomberg
ਮੇਅਰ
Thomas Farley, M.D., M.P.H.
ਕਮਿਸ਼ਨਰ

TAKE CARE NEW YORK

## ਮੈਕਸਿਕਨ ਕੈਂਡੀਜ਼



ਇਮਲੀ



ਚਾਕਾ ਚਾਕਾ



ਚੈਪੁਲਿਨਸ

ਜ਼ਿਆਦਾਤਰ ਮੈਕਸਿਕਨ ਕੈਂਡੀਜ਼ ਅਤੇ ਸਨੈਕ ਉਤਪਾਦ ਖਾਣ ਲਈ ਸੁਰੱਖਿਅਤ ਹਨ। ਪਰ ਕੁਝ ਵਿਚ ਸੀਸਾ ਹੁੰਦਾ ਹੈ, ਖ਼ਾਸ ਤੌਰ ਤੇ ਮਿਰਚ ਦੇ ਸੁਆਦ ਵਾਲੀਆਂ ਕੁਝ ਚੀਜ਼ਾਂ।

ਕੁਝ ਮੈਕਸਿਕਨ ਕੈਂਡੀ ਦੀਆਂ ਪੰਨੀਆਂ ਵਿਚ ਵਰਤੀ ਜਾਂਦੀ ਸਿਆਹੀ ਅਤੇ ਮਿੱਟੀ ਦੇ ਭਾਂਡਿਆਂ ਵਿਚ ਵੇਚੀਆਂ ਜਾਂਦੀਆਂ ਇਮਲੀ ਵਾਲੀਆਂ ਕੈਂਡੀਆਂ ਵਿਚ ਵੀ ਸੀਸਾ ਮਿਲਿਆ ਹੈ। ਪੰਨੀਆਂ ਜਾਂ ਮਿੱਟੀ ਦੇ ਭਾਂਡਿਆਂ ਵਿਚਲਾ ਸੀਸਾ ਕੈਂਡੀ ਵਿਚ ਜਾ ਸਕਦਾ ਹੈ।

ਤੁਸੀਂ ਕੈਂਡੀ ਜਾਂ ਇਹਨਾਂ ਵਰਗੇ ਕੁਝ ਉਤਪਾਦਾਂ ਨੂੰ ਖਾਣ ਤੋਂ ਬਚਣਾ ਚਾਹ ਸਕਦੇ ਹੋ।

## ਗਹਿਣੇ, ਖਿਡੌਣੇ ਅਤੇ ਬੱਚਿਆਂ ਦੇ ਹੋਰ ਉਤਪਾਦ



ਲੰਚ ਬੱਕਸ



ਗਲੇ ਦਾ ਹਾਰ




ਖਿਡੌਣੇ

ਰੰਗ, ਧਾਤ ਅਤੇ ਗਹਿਣਿਆਂ ਦੇ ਪਲਾਸਟਿਕ ਵਾਲੇ ਹਿੱਸਿਆਂ, ਖਿਡੌਣਿਆਂ, ਵਿਨਾਇਲ ਦੇ ਲੰਚ ਬੱਕਸਾਂ ਅਤੇ ਬੱਚਿਆਂ ਲਈ ਦਰਾਮਦ ਕੀਤੇ ਜਾਂਦੇ ਹੋਰ ਉਤਪਾਦਾਂ ਵਿਚ ਸੀਸਾ ਪਾਇਆ ਗਿਆ ਹੈ। ਇਨ੍ਹਾਂ ਵਿਚੋਂ ਕਈ ਉਤਪਾਦ ਚੀਨ ਤੋਂ ਆਉਂਦੇ ਹਨ।

ਛੋਟੇ ਬੱਚੇ, ਜੋ ਆਪਣੇ ਹੱਥਾਂ ਅਤੇ ਖਿਡੌਣਿਆਂ ਨੂੰ ਆਪਣੇ ਮੂੰਹ ਵਿਚ ਪਾਉਂਦੇ ਹਨ, ਨੂੰ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ। ਕੁਝ ਉਤਪਾਦਾਂ ਦਾ ਗਲੇ ਵਿਚ ਫਸਣ ਦਾ ਖ਼ਤਰਾ ਹੁੰਦਾ ਹੈ।

ਰੀਕੱਲਸ ਜਾਂ ਵਿਸ਼ੇਸ਼ ਉਤਪਾਦਾਂ ਬਾਰੇ ਹੋਰ ਜਾਣਕਾਰੀ ਲਈ, www.cpsc.gov ਤੇ ਅਮਰੀਕੀ ਖਪਤਕਾਰ ਉਤਪਾਦ ਸੁਰਖਿਆ ਕਮਿਸ਼ਨ ਦੀ ਵੈਬਸਾਈਟ ਵੇਖੋ।

## ਜੇ ਮੈਂ ਇਨ੍ਹਾਂ ਉਤਪਾਦਾਂ ਦੀ ਵਰਤੋਂ ਕਰਦਾ/ਕਰਦੀ ਹਾਂ ਤਾਂ ਕੀ ਕਰਾਂ




ਇਨ੍ਹਾਂ ਦੀ ਵਰਤੋਂ
ਬੰਦ ਕਰੋ



ਖ਼ੂਨ ਵਿਚ ਸੀਸੇ ਦੇ ਟੈਸਟ ਲਈ ਆਪਣੇ
ਡਾਕਟਰ ਨੂੰ ਕਹੋ



ਜੇ ਤੁਹਾਡਾ ਡਾਕਟਰ ਨਹੀਂ ਹੈ,
ਤਾਂ 311 ਤੇ ਕਾਲ ਕਰੋ।

**ਹੋਰ ਜਾਣਕਾਰੀ ਲਈ, 311 ਤੇ ਫ਼ੋਨ ਕਰੋ ਅਤੇ ਸੀਸੇ ਦੇ ਜ਼ਹਿਰ ਤੋਂ ਰੋਕ-ਥਾਮ ਬਾਰੇ ਪ੍ਰੋਗਰਾਮ ਬਾਰੇ ਪੁੱਛੋ ਜਾਂ nyc.gov/lead ਤੇ ਜਾਓ**